Series JSR

SET-4

Code No. **6**

Roll No. | | | | | | | |

Candidates must write the Code on the title page of the answer-book.

- Please check that this question paper contains **8** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **12** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਸੰਕਲਿਤ ਪ੍ਰੀਖਿਆ - II

# SUMMATIVE ASSESSMENT - II

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 90*

*Time allowed : 3 hours* | *Maximum Marks : 90*

**ਨੋਟ :** *ਲਿਖਾਈ ਸ਼ੁਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ।*

**I.** ਪਾਠ ਪੁਸਤਕਾਂ - **1x9=9**

**1.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਪੰਕਤੀ ਜਾਂ ਇੱਕ ਵਾਕ ਵਿੱਚ ਲਿਖੋ :

(i) ਉੱਤਮ ਸਿੰਘ ਸੰਧੂ ਨੇ 'ਮੈਂ ਪਾਤਰ' ਤੋਂ ਗੁੜ ਦੀ ਰੋੜੀ ਕਿਉਂ ਲਈ ਸੀ ?

(ii) ਥਾਣੇਦਾਰ ਮੁਖਤਿਆਰ ਸਿੰਘ ਅਸਲ ਵਿੱਚ ਕਿਹੜੀ ਗਸ਼ਤ ਉੱਤੇ ਨਿਕਲਦਾ ਹੈ ?

(iii) ਪ੍ਰੋ. ਪੂਰਨ ਸਿੰਘ ਅਨੁਸਾਰ ਪੰਜਾਬ ਦੇ ਨੌਜਵਾਨ ਕਿਸ ਨੂੰ ਮਖੌਲ ਸਮਝਦੇ ਹਨ ?

(iv) ਅੰਮ੍ਰਿਤਾ ਪ੍ਰੀਤਮ ਨੇ ਕਿਸ 'ਅਹਿਦਨਾਮੇ' ਉੱਤੇ ਦਸਖ਼ਤ ਕਰਨ ਦਾ ਸੱਦਾ ਦਿੱਤਾ ਹੈ ?

(v) ਸ਼ਿਵ ਕੁਮਾਰ ਬਟਾਲਵੀ ਨੇ ਨਾਰੀ ਸੰਸਾਰ ਦੇ ਕਿਸ ਪਸਾਰ ਨੂੰ ਵੱਧ ਮਹੱਤਤਾ ਦਿੱਤੀ ਹੈ ?

(vi) ਤੁਹਾਡੀ ਪੁਸਤਕ ਵਿੱਚ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਕਿਸ ਦਾ ਲਿਖਿਆ ਹੋਇਆ ਹੈ ?

(vii) 'ਨਾਮਧਾਰੀ ਪੰਥ' ਦੀ ਸਾਜਣਾ ਕਿਸਨੇ ਕੀਤੀ?

(viii) 'ਕਾਮਾਗਾਟਾ ਮਾਰੂ' ਜਹਾਜ ਜਪਾਨੀ ਕੰਪਨੀ ਤੋਂ ਕਿਸ ਨੇ ਠੇਕੇ ਉੱਤੇ ਲਿਆ ਸੀ?

(ix) ਗੁਰੂ ਤੇਗ ਬਹਾਦਰ ਜੀ ਦਾ 'ਧੜ' ਚਾਂਦਨੀ ਚੌਂਕ ਵਿਚੋਂ ਛੁਪਾਕੇ ਸਸਕਾਰ ਕਰਨ ਲਈ ਕੌਣ ਲੈ ਗਿਆ ਸੀ ?

**2.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **40-50** ਸ਼ਬਦਾਂ ਵਿੱਚ ਪਾਠ-ਪੁਸਤਕਾਂ ਦੇ ਆਧਾਰ ਉੱਤੇ ਲਿਖੋ : **2x8=16**

(i) ਬਲਰਾਜ ਸਾਹਨੀ ਡੇਰੇ ਵਿੱਚ ਆਪਣਾ ਘਰ ਵੇਖਕੇ ਭਾਵੁਕ ਕਿਉਂ ਹੋ ਗਿਆ ਸੀ?

(ii) ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀਆਂ ਦੀ ਦਸ਼ਾ ਸੁਧਾਰਨ ਲਈ ਕੀ-ਕੀ ਕੀਤਾ?

(iii) ਕਵੀ ਸੁਰਜੀਤ ਪਾਤਰ ਆਪਣੀ ਕਵਿਤਾ 'ਹਨੇਰਾ ਜਰੇਗਾ ਕਿਵੇਂ ' ਵਿੱਚ ਕਿਵੇਂ ਮਨੁੱਖ ਦੀ ਦੁਚਿੱਤੀ ਦੀ ਸਥਿਤੀ ਵਿੱਚ ਹੈ?

(iv) ਕਵੀ ਜਗਤਾਰ 'ਔਰਤ ਦੀ ਹੱਕ ਤਲਫ਼ੀ' ਵਿੱਚ ਕਿਸ ਗੱਲ ਤੋਂ ਪ੍ਰੇਸ਼ਾਨ ਹੈ?

(v) ਭਾਰਤੀਆਂ ਦਾ ਕੈਨੇਡਾ ਪੁਜਣਾ ਰੋਕਣ ਲਈ ਉੱਥੋਂ ਦੀ ਸਰਕਾਰ ਨੇ ਕੀ-ਕੀ ਸ਼ਰਤਾਂ ਰੱਖੀਆਂ?

(vi) ਬਾਲ ਗੋਬਿੰਦ ਰਾਏ ਦੀ ਗੱਲ ਸੁਣ ਕੇ ਗੁਰੂ ਤੇਗ ਬਹਾਦਰ ਜੀ ਨੇ ਕੀ ਫੈਸਲਾ ਕੀਤਾ?

(vii) 'ਮੈਂ ਪਾਤਰ' ਸ: ਉੱਤਮ ਸਿੰਘ ਸੰਧੂ ਦਾ ਕੰਮ ਕਰਨ ਤੋਂ ਕਿਉਂ ਅਸਮਰੱਥ ਸੀ?

(viii) 'ਮੁਖਤਿਆਰ ਸਿੰਘ ਵਰਗੇ ਕਾਨੂੰਨ ਦੇ ਰਾਖੇ ਜੋ ਲੋਕਾਂ ਤੋਂ ਮੁਫ਼ਤ ਚੀਜਾਂ ਲੈਂਦੇ ਰਹਿਣਗੇ ਤਾਂ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਰੋਕ ਨਹੀਂ ਸਕਣਗੇ' ਇਹ ਕਥਨ ਕਹਾਣੀ 'ਗਸ਼ਤ' ਵਿਚੋਂ ਉਦਾਹਰਨ ਦੇ ਕੇ ਸਪਸ਼ਟ ਕਰੋ।

3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **100–125** ਸ਼ਬਦਾਂ ਵਿੱਚ ਲਿਖੋ –

(i) ਸਤਿਗੁਰੂ ਰਾਮ ਸਿੰਘ ਜੀ ਨੇ ਦੇਸ ਦੀ ਆਜ਼ਾਦੀ ਅਤੇ ਸਮਾਜ ਸੁਧਾਰ ਲਈ ਕੀ-ਕੀ ਜਤਨ ਕੀਤੇ ? **5**

**ਜਾਂ**

"ਦੇਸ ਦੇ ਮੂਲ ਪ੍ਰਵਾਹ ਨਾਲੋਂ ਟੁੱਟ ਕੇ ਮੈਂ ਨੌਕਰਸ਼ਾਹੀ ਦਾ ਇੱਕ ਅਜਿਹਾ ਪੁਰਜਾ ਬਣਜਾਵਾਂਗਾ, ਜਿਸ ਨੂੰ ਛੇਤੀ ਜੰਗਾਲ ਲੱਗ ਸਕਦਾ ਹੈ" ਇਸ ਵਾਕ ਤੋਂ ਡਾ: ਵਣਜਾਰਾ ਬੇਦੀ ਦੇ ਕਿਸ ਗੁਣ ਦਾ ਪਤਾ ਲਗਦਾ ਹੈ ?

(ii) ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅਹਿਦਨਾਮਾ' ਦਾ ਕੇਂਦਰੀ ਭਾਵ ਲਿਖੋ-ਇਹ ਅੱਜ ਦੇ ਹਾਲਾਤ ਵਿਚ ਕਿੰਨੀ ਕੁ ਸਾਰਥਕ ਹੈ ? **5**

**ਜਾਂ**

ਕਵੀ ਸੁਰਜੀਤ ਪਾਤਰ ਕਿਹੜੇ ਹਨੇਰੇ ਦੀ ਗੱਲ ਕਰਦਾ ਹੈ, ਅਤੇ ਕਿਹੜੀ ਦੁਚਿੱਤੀ ਵਿੱਚ ਹੈ ?

4. ਕਦਰਾਂ ਕੀਮਤਾਂ ਤੇ ਆਧਾਰਤ ਪ੍ਰਸ਼ਨ **100–125** ਸ਼ਬਦਾਂ ਵਿੱਚ ਲਿਖੋ : **5**

"ਕੋਊ ਨ ਨਿਬਹਿਓ ਸਾਥਿ" ਇਕਾਂਗੀ ਵਿੱਚ ਲੇਖਕ ਨੇ ਨਿਘਰ ਰਹੀਆਂ ਕਦਰਾਂ ਕੀਮਤਾਂ ਅਤੇ ਟੁੱਟ ਦੇ ਰਿਸ਼ਤਿਆਂ ਦੀ ਤਸਵੀਰ ਪੇਸ਼ ਕੀਤੀ ਹੈ" ਤੁਸੀਂ ਇਸ ਗੱਲ ਨਾਲ ਕਿੱਥੋਂ ਤੱਕ ਸਹਿਮਤ ਹੋ, ਨਾਟਕ ਵਿੱਚੋਂ ਉਦਾਹਰਨਾਂ ਦੇ ਕੇ ਲਿਖੋ :

**II** 5. **ਪੜ੍ਹਨ ਕੌਸ਼ਲ :** **1x5=5**

ਹੇਠ ਦਿੱਤੇ ਅਣਡਿੱਠੇ ਪੈਰੇ ਨੂੰ ਪੜ੍ਹੋ ਅਤੇ ਉਸ ਦੇ ਹੇਠ ਦਿੱਤੇ ਪ੍ਰਸ਼ਨਾਂ ਦੇ ਬਹੁ ਵਿਕਲਪੀ ਉੱਤਰਾਂ ਵਿਚੋਂ ਸਹੀ ਵਿਕਲਪ ਚੁਣੋ :

"ਟਾਲਸਟਾਏ ਦੀ ਆਤਮਾ ਵਿੱਚ ਧਰਮ ਦਾ ਵਾਸਾ ਸੀ, ਪਰ ਉਸ ਨੂੰ ਧਰਮ ਦੇ ਨਾਮ ਉੱਤੇ ਹੋਣ ਵਾਲੇ ਪਾਖੰਡਾਂ ਨਾਲ ਨਫ਼ਰਤ ਸੀ। ਟਾਲਸਟਾਏ ਨੇ ਚਰਚ ਦਾ ਵਿਰੋਧ ਕੀਤਾ। ਧਰਮ ਦੇ ਠੇਕੇਦਾਰਾਂ ਨੇ ਉਸ ਨੂੰ ਚਰਚ ਤੋਂ ਛੇਕ ਦਿੱਤਾ। ਪਰ ਟਾਲਸਟਾਏ ਨੂੰ ਕੀ ਪਰਵਾਹ ਸੀ। ਉਹ ਤਾਂ ਪਖੰਡ ਦਾ ਵਿਰੋਧੀ ਸੀ। ਪਰ ਈਸਾ ਅਤੇ ਈਸਾਈਅਤ ਪ੍ਰਤੀ ਉਸ ਨੂੰ ਬੜੀ ਸ਼ਰਧਾ ਸੀ। ਟਾਲਸਟਾਏ ਨੇ ਹਿੰਦੂ ਧਰਮ, ਬੁਧ ਧਰਮ ਅਤੇ ਕਨਫਿਊਸਸ ਧਰਮ ਦਾ ਅਧਿਐਨ ਕੀਤਾ। ਅਨੇਕਾਂ ਧਰਮਾਂ ਦਾ ਅਧਿਐਨ ਕਰਨ ਤੋਂ ਬਾਅਦ ਉਹਨੇ ਸਿੱਟਾ ਕਢਿਆ ਕਿ ਸਾਰੇ ਧਰਮਾਂ ਦੀ ਆਤਮਾ ਇੱਕ ਹੈ । ਮੂਲ ਸਿਧਾਂਤ ਸਾਂਝੇ ਹਨ, ਕਿਸੇ ਨਾਲ ਵੈਰ ਵਿਰਧ ਨਾ ਰੱਖੋ, ਹਿੰਸਾ ਨਾ ਕਰੋ, ਆਪਣੀਆਂ ਇਛਾਵਾਂ ਨੂੰ ਬਹੁਤ ਨਾ ਵਧਾਓ, ਪ੍ਰਾਣੀ ਮਾਤਰ ਦੀ ਸੇਵਾ ਕਰੋ। ਸਭ ਧਰਮ ਇੱਕ ਈਸ਼ਵਰ ਉੱਪਰ ਹੀ ਵਿਸ਼ਵਾਸ ਰਖਦੇ ਹਨ। ਅਲਪ ਆਹਾਰ ਟਾਲਸਓਟਾਏ ਨੂੰ ਚੰਗਾ ਲਗਦਾ ਸੀ। ਇਸ ਤਰ੍ਹਾਂ ਮਨ ਸ਼ੁਧ ਰਹਿੰਦਾ ਹੈ। ਸਮਾਜ ਵਿੱਚ ਊਚ ਨੀਚ ਦੀ ਪ੍ਰਚਲਤ ਭਾਵਨਾ ਦਾ ਉਸ ਨੇ ਸਦਾ ਵਿਰੋਧ ਕੀਤਾ।"

**ਪ੍ਰਸ਼ਨ :**

(i) ਟਾਲਸਟਾਏ ਦੀ ਆਤਮਾ ਵਿੱਚ ਕਿਸ ਦਾ ਵਾਸਾ ਸੀ?

(ੳ) ਨਫ਼ਰਤ ਦਾ (ਅ) ਈਰਖਾ ਦਾ

(ੲ) ਅਧਰਮ ਦਾ (ਸ) ਧਰਮ ਦਾ

(ii) ਟਾਲਸਟਾਏ ਨੂੰ ਧਰਮ ਦੇ ਨਾਮ ਉੱਪਰ ਪਾਖੰਡਾਂ ਨਾਲ ਕੀ ਸੀ?

(ੳ) ਵਿਸ਼ਵਾਸ ਸੀ (ਅ) ਈਰਖਾ ਸੀ

(ੲ) ਨਫ਼ਰਤ ਸੀ (ਸ) ਵਿਰੋਧ ਸੀ

(iii) ਟਾਲਸਟਾਏ ਨੇ ਕਿਸ ਦਾ ਵਿਰੋਧ ਕੀਤਾ?

(ੳ) ਮੰਦਰ ਦਾ (ਅ) ਮਸਜਿਦ ਦਾ

(ੲ) ਸ਼ਿਵਾਲਾ ਦਾ (ਸ) ਚਰਚ ਦਾ

(iv) ਸਭ ਧਰਮ ਕਿਸ ਉੱਪਰ ਵਿਸ਼ਵਾਸ ਰਖਦੇ ਹਨ?

(ੳ) ਈਸਾ ਉੱਤੇ (ਅ) ਚਰਚ ਉੱਤੇ

(ੲ) ਈਸ਼ਵਰ ਉੱਤੇ (ਸ) ਈਸਾਈਅਤ ਉੱਤੇ

(v) ਧਰਮ ਦੇ ਠੇਕੇਦਾਰਾਂ ਨੇ ਕਿਸ ਨੂੰ ਚਰਚ ਤੋਂ ਛੇਕ ਦਿੱਤਾ?

(ੳ) ਕਨਫਿਊਸਸ (ਅ) ਗੈਲੇਲਿਓ

(ੲ) ਨਿਊਟਨ (ਸ) ਟਾਲਸਟਾਏ

6. ਹੇਠ ਲਿਖੇ ਅਣਡਿੱਠੇ ਪੈਰੇ ਨੂੰ ਪੜ੍ਹ ਕੇ ਉਸ ਹੇਠ ਦਿੱਤੇ ਪ੍ਰਸ਼ਨਾਂ ਦੇ ਬਹੁ ਵਿਕਲਪੀ ਉੱਤਰਾਂ ਵਿਚੋਂ ਸਹੀ ਵਿਕਲਪ ਚੁਣੋ : **1x5=5**

"ਮਿੱਤਰਤਾ ਹੀ ਜ਼ਿੰਦਗੀ ਦੀ ਉਚਾਈ ਦਾ ਨਾਪ ਹੈ। ਮਿੱਤਰ ਬਣਨ ਲਈ ਕੋਮਲ ਸਿਫਤਾਂ ਚਾਹੀਦੀਆਂ ਹਨ। ਮਿੱਤਰਤਾ ਜ਼ਿੰਦਗੀ ਦਾ ਅਤਿ ਸੋਹਣਾ ਦ੍ਰਿਸ਼ ਹੈ। ਮਿੱਤਰ ਲਈ ਕੁਰਬਾਨ ਹੋ ਜਾਣ ਨਾਲੋਂ ਪ੍ਰੇਰਨਾ ਭਰੀ, ਮਨ ਸ਼ੁਧ ਕਰਨ ਵਾਲੀ ਘਟਨਾ ਘੱਟ ਹੀ ਕੋਈ ਹੋਰ ਖਿਆਲ ਕੀਤੀ ਜਾ ਸਕਦੀ ਹੈ। ਗਾਹਕ ਨੂੰ ਮਿੱਤਰ ਬਣਾਓ, ਮਾਤਹਿਤ ਨੂੰ ਮਿੱਤਰ ਬਣਾਓ, ਗੁਆਂਢੀ ਨੂੰ ਮਿੱਤਰ ਬਣਾਓ, ਜਿਸ ਨਾਲ ਤੁਹਾਡਾ ਵਾਹ ਪੈਂਦਾ ਹੈ। ਜਦ ਤੱਕ ਤੁਸੀਂ ਉਸ ਨੂੰ ਆਪਣਾ ਮਿੱਤਰ ਬਣਾਉਣ ਵਿੱਚ ਕਾਮਯਾਬ ਨਹੀਂ ਹੁੰਦੇ, ਤੁਹਾਡਾ ਤੌਖਲਾ ਦੂਰ ਨਹੀਂ ਹੋਵੇਗਾ। ਸਭ ਡਰ, ਸਭ ਸਹਿਮ, ਸਭ ਝੋਰੇ ਇਸ ਲਈ ਹਨ, ਕਿ ਦੂਜੀ ਧਿਰ ਦੀ ਮਿੱਤਰਤਾ ਦਾ ਯਕੀਨ ਨਹੀਂ ਹੁੰਦਾ। ਮਿੱਤਰਾਂ ਸਾਹਮਣੇ ਸਾਡੀ ਜ਼ਬਾਨ ਵੀ ਸਾਫ਼ ਤੁਰਦੀ ਹੈ, ਸਾਡਾ ਕਦਮ ਵੀ ਤਿੱਖਾ ਪੁਟਿਆ ਜਾਂਦਾ ਹੈ, ਸਾਨੂੰ ਅਕਲਾਂ ਵੀ ਚੰਗੀਆਂ ਸੁਝਦੀਆਂ ਹਨ, ਪਰ ਜਿੱਥੇ ਦੂਜੀ ਧਿਰ ਦੀ ਮਿੱਤਰਤਾ ਦਾ ਸ਼ੱਕ ਹੈ ਉੱਥੇ ਹੀ ਸਾਡੀ ਜ਼ਬਾਨ ਥਿੜਕ ਜਾਂਦੀ ਹੈ।

(i) ਕਿਸ ਨੂੰ ਜ਼ਿੰਦਗੀ ਦੀ ਉੱਚਾਈ ਦਾ ਨਾਪ ਕਿਹਾ ਜਾਂਦਾ ਹੈ ?

(ੳ) ਸੁੰਦਰਤਾ ਨੂੰ (ਅ) ਈਰਖਾ ਨੂੰ

(ੲ) ਦੁਸ਼ਮਨੀ ਨੂੰ (ਸ) ਮਿੱਤਰਤਾ ਨੂੰ

(ii) ਮਿੱਤਰਤਾ ਕਿਸ ਦਾ ਅਤਿ ਸੁੰਦਰ ਦ੍ਰਿਸ਼ ਹੈ ?

(ੳ) ਪਹਾੜ ਦਾ (ਅ) ਝੀਲ ਦਾ

(ੲ) ਜ਼ਿੰਦਗੀ ਦਾ (ਸ) ਕੁਦਰਤੀ ਨਜ਼ਾਰਿਆਂ ਦਾ

(iii) ਗਾਹਕ, ਮਾਤਹਿਤ ਤੇ ਗੁਆਂਢੀ ਨੂੰ ਕੀ ਬਣਾਉਣਾ ਚਾਹੀਦਾ ਹੈ ?

(ੳ) ਪ੍ਰੇਮੀ (ਅ) ਦੁਸ਼ਮਣ

(ੲ) ਮਿੱਤਰ (ਸ) ਵਿਰੋਧੀ

(iv) ਡਰ, ਸਹਿਮ ਤੇ ਝੋਰਾ ਦੂਰ ਕਰਨ ਲਈ ਕਿਸ ਦਾ ਯਕੀਨ ਕਰਨਾ ਚਾਹੀਦਾ ਹੈ ?

(ੳ) ਪਿਆਰ ਦਾ (ਅ) ਮਿੱਤਰਤਾ ਦਾ

(ੲ) ਦੂਜੀ ਧਿਰ ਦਾ (ਸ) ਅਧਿਆਪਕ ਦਾ

(v) ਮਿੱਤਰਤਾ ਵਿੱਚ ਕਿਸ ਲਈ ਥਾਂ ਨਹੀਂ ਹੁੰਦੀ ?

(ੳ) ਸ਼ਰਮ ਲਈ (ਅ) ਈਰਖਾ ਲਈ

(ੲ) ਸ਼ੱਕ ਲਈ (ਸ) ਦੁਸ਼ਮਨੀ ਲਈ

## III. ਪ੍ਰਭਾਵਸ਼ਾਲੀ ਲਿਖਣ ਕੌਸ਼ਲ

**7.** ਕਿਸੇ ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਧਾਰਮਿਕ ਅਦਾਰਿਆਂ ਵਲੋਂ ਬੇ-ਲੋੜੇ ਲਾਊਡ ਸਪੀਕਰ ਬੰਦ ਕਰਨ ਦੀ ਆਸ ਕਰੋ : **8**

**ਜਾਂ**

ਦਿੱਲੀ ਜਲ ਬੋਰਡ ਦੇ ਚੇਅਰਮੈਨ ਨੂੰ ਪੱਤਰ ਲਿਖਕੇ ਆਪਣੇ ਇਲਾਕੇ ਵਿੱਚ ਪਾਣੀ ਨਾ ਆਉਣ ਦੀ ਸੱਮਸਿਆ ਦੱਸ ਕੇ ਉਸਦੇ ਹੱਲ ਲਈ ਬੇਨਤੀ ਕਰੋ।

**ਨੁਕਤੇ :**

(1) ਸੰਬੋਧਨ, ਪਤਾ, ਮਿਤੀ, ਵਿਸ਼ਾ

(2) ਵਿਸ਼ਾ ਵਿਚਾਰ

(3) ਸਮਾਪਤੀ ਦੇ ਸ਼ਬਦ, ਲਿਖਣ ਵਾਲੇ ਦਾ ਨਾਂ।

8. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉਤੇ ਹੇਠ ਦਿੱਤੇ ਨੁਕਤਿਆਂ ਦੇ ਆਧਾਰ ਤੇ ਲਗਪਗ **250** ਸ਼ਬਦਾਂ ਦਾ ਲੇਖ ਲਿਖੋ : **12**

**'ਮਨਿ ਜੀਤੈ ਜਗਜੀਤੁ'**

**ਨੁਕਤੇ :**

(1) ਮਨ ਨੂੰ ਜਿਤਣਾ ਜਰੂਰੀ

(2) ਤੁਕ ਦਾ ਭਾਵ ਅਰਥ

(3) ਮਨ ਨੂੰ ਕਾਬੂ ਕਰਨ ਦਾ ਢੰਗ

(4) ਜੱਗ ਨੂੰ ਜਿੱਤਣ ਨਾਲੋਂ ਆਪਣੇ ਮਨ ਨੂੰ ਜਿੱਤਣਾ ਜਰੂਰੀ

**ਜਾਂ**

**' ਤਕਨੀਕੀ ਤੇ ਕਿੱਤਾ ਮੁਖੀ ਸਿੱਖਿਆ'**

**ਨੁਕਤੇ :**

(1) ਤਕਨੀਕੀ ਸਿੱਖਿਆ ਦੀ ਮਹੱਤਤਾ

(2) ਅੱਜਦੇ ਸਮੇਂ ਦੀ ਲੋੜ

(3) ਕਿਤਾਬੀ ਸਿੱਖਿਆ ਤੋਂ ਬਿਹਤਰ

(4) ਬੇਰੁਜ਼ਗਾਰੀ ਦੂਰ ਕਰਨ ਲਈ

(5) ਆਤਮ ਨਿਰਭਰ ਬਣਾਉਣਾ

## IV. ਵਿਆਕਰਨ

9. ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਂਵਾਂ ਭਰਨ ਲਈ ਸਹੀ ਵਿਕਲਪ ਚੁਣੋ : **1x5=5**

(i) ਨਾਮਿਲਵਰਤਨ ਸ਼ਬਦ ਵਿੱਚ __________ ਅਗੇਤਰ ਹੈ।

(ੳ) ਮਿਲ (ਅ) ਨਾ (ੲ) ਵਰਤਨ (ਸ) ਤਨ

(ii) ਦੁਰਬਚਨ ਸ਼ਬਦ ਵਿੱਚ __________ ਅਗੇਤਰ ਹੈ।

(ੳ) ਦੂਰ (ਅ) ਦੁਰ (ੲ) ਦੁ (ਸ) ਦੂ

(iii) ਪੰਡਤਾਣੀ ਸ਼ਬਦ ਵਿੱਚ __________ ਪਿਛੇਤਰ ਹੈ।

(ੳ) ਤਾਣੀ (ਅ) ਆਣੀ (ੲ) ਣੀ (ਸ) ਡਤਾਣੀ

(iv) ਗੁਣਕਾਰੀ ਸ਼ਬਦ ਵਿੱਚ __________ ਪਿਛੇਤਰ ਹੈ।

(ੳ) ਗੁਣ (ਅ) ਰੀ (ੲ) ਕਾਰੀ (ਸ) ਣਕਾਰੀ

(v) ਅਨ ਅਗੇਤਰ ਲਾਕੇ ਦੋ ਸ਼ਬਦ ਬਣਾਓ

**10.** ਹੇਠ ਲਿਖੇ ਸ਼ਬਦ ਸਮੂਹਾਂ ਦੇ ਲਈ ਸਹੀ ਸਮਾਸੀ ਸ਼ਬਦ ਵਾਲਾ ਵਿਕਲਪ ਚੁਣੋ : **1x5=5**

(i) ਸ਼ਮਸ਼ਾਨ ਵਾਲੀ ਭੂਮੀ :

(ੳ) ਸ਼ਮਸ਼ਾਨ ਦੀ ਭੂਮੀ (ਅ) ਸ਼ਮਸ਼ਾਨ ਮਿੱਟੀ

(ੲ) ਸ਼ਮਸ਼ਾਨ - ਭੂਮੀ (ਸ) ਸ਼ਮਸ਼ਾਨ ਘਾਟ

(ii) ਰਚਨਾ ਦਾ ਸੰਸਾਰ :

(ੳ) ਸੰਸਾਰ ਰਚਨਾ (ਅ) ਰਚਨਾਵਾਂ ਸੰਸਾਰ

(ੲ) ਰਚਨਾ ਸੰਸਾਰੀ (ਸ) ਰਚਨਾ- ਸੰਸਾਰ

(iii) ਲੋਭ-ਮੋਹ ਦਾ ਸਹੀ ਸ਼ਬਦ ਸਮੂਹ ਚੁਣੋ :

(ੳ) ਲੋਭ ਦਾ ਮੋਹ (ਅ) ਲੋਭ ਤੋਂ ਮੋਹ

(ੲ) ਮੋਹ ਦਾ ਲੋਭ (ਸ) ਲੋਭ ਅਤੇ ਮੋਹ

(iv) ਭਾਰਤ ਦਾ ਵਾਸੀ ਦਾ ਸਹੀ ਸਮਾਸੀ ਸ਼ਬਦ ਚੁਣੋ :

(ੳ) ਭਾਰਤ ਵਾਸ (ਅ) ਵਾਸਭਾਰਤੀ

(ੲ) ਭਾਰਤੀਵਾਸ (ਸ) ਭਾਰਤ-ਵਾਸੀ

(v) ਹੇਠ ਲਿਖੇ ਸ਼ਬਦ ਸਮੂਹਾਂ ਦੇ ਸਮਾਸੀ ਸ਼ਬਦ ਬਣਾ ਕੇ ਲਿਖੋ :

ਜਨਮ ਦਾ ਰੋਗ, ਪਦ ਦੀ ਵੰਡ

**11.** (i) ਜਿਹੜੇ ਸ਼ਬਦ ਖੁਸ਼ੀ, ਗਮੀ, ਹੈਰਾਨੀ, ਡਰ ਆਦਿ ਦੇ ਭਾਵ ਪਰਗਟ ਕਰਦੇ ਹਨ, ਉਨ੍ਹਾਂ ਨੂੰ ਕਹਿੰਦੇ ਹਨ - **1x5=5**

(ੳ) ਨਾਂਵ (ਅ) ਸੰਬੰਧਕ

(ੲ) ਪੜਨਾਂਵ (ਸ) ਵਿਸਮਕ

(ii) ਸੰਬੋਧਨੀ ਵਿਸਮਕ ਕਿਹੜਾ ਹੈ ?

(ੳ) ਆਓ ਜੀ (ਅ) ਹੈਂ!

(ੲ) ਗਏ (ਸ) ਅੜੀਏ

(iii) ਹੈਰਾਨੀ ਵਾਚਕ ਵਿਸਮਕ ਕਿਹੜਾ ਹੈ ?

(ੳ) ਜਿਉਂਦਾ ਰਹੁ (ਅ) ਆਹਾ! ਹਲਾ!

(ੲ) ਸਾਵਧਾਨ (ਸ) ਸਾਂਈਜੀਵੀ

(iv) ਸਤਿਕਾਰ ਵਾਚਕ ਵਿਸਮਿਕ ਕਿਹੜਾ ਹੈ ?

(ੳ) ਉਫ਼ ਅਫ਼ਸੋਸ (ਅ) ਵਾਹ ਭਾਈ ਵਾਹ

(ੲ) ਜੀ ਆਇਆਂ ਨੂੰ / ਧੰਨ ਭਾਗ (ਸ) ਠਹਿਰ ਜਾ ਖ਼ਬਰਦਾਰ

(v) ਵਿਸਮਿਕ ਕਿੰਨੇ ਪਰਕਾਰ ਦੇ ਹੁੰਦੇ ਹਨ ?

**12.** ਹੇਠ ਲਿਖੇ ਅਖਾਣਾਂ ਵਿੱਚ ਖਾਲੀ ਥਾਵਾਂ ਲਈ ਸਹੀ ਵਿਕਲਪ ਚੁਣੋ : **1x5=5**

(i) ਖਾਈਏ ਮਨ ਭਾਉਂਦਾ, ਪਾਈਏ __________ ਭਾਉਂਦਾ।

(ੳ) ਲੋਕ (ਅ) ਜਗ

(ੲ) ਪਤੀ (ਸ) ਮਾਂ

(ii) ਗੰਗਾ ਗਈਆਂ ਹੱਡੀਆਂ __________ ਨਹੀਂ ਆਉਂਦੀਆਂ।

(ੳ) ਠੀਕ (ਅ) ਮੋੜ

(ੲ) ਵਾਪਸ (ਸ) ਜੋੜ

(iii) ਕੰਧਾਂ ਦੇ ਵੀ __________ ਹੁੰਦੇ ਹਨ।

(ੳ) ਅਖਾਂ (ਅ) ਮੂੰਹ

(ੲ) ਹੱਥ (ਸ) ਕੰਨ

(iv) ਕੁਛੜ ਕੁੜੀ ਸ਼ਹਿਰ __________ :

(ੳ) ਹੋਕਾ (ਅ) ਢੰਡੋਰਾ

(ੲ) ਰੌਲਾ (ਸ) ਆਵਾਜ਼ਾਂ

(v) ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ ਅਖਾਣ ਕਿਸ ਵਿਸ਼ੇਸ ਮੌਕੇ ਵਰਤਿਆ ਜਾਂਦਾ ਹੈ ?